ਮਿੱਠੇ ਬੱਚੇ:- "ਮਿੱਠੇ ਬੱਚੇ :- ਵਿਚਾਰ ਸਾਗਰ ਮੰਥਨ ਕਰ ਸ਼੍ਰੀਕ੍ਰਿਸ਼ਨ ਅਤੇ ਪਰਮਾਤਮਾ ਸ਼ਿਵ ਦੇ ਮਹਾਨ ਅੰਤਰ ਨੂੰ ਸਪੱਸ਼ਟ ਕਰੋ"

ਪ੍ਰਸ਼ਨ:- ਬ੍ਰਹਮਾ ਬਾਬਾ ਆਪਣੇ ਆਪ ਨਾਲ ਕੀ ਗੱਲਾਂ ਕਰਦੇ ਹਨ? ਉਨ੍ਹਾਂ ਨੂੰ ਵੰਡਰ ਕੀ ਲਗਦਾ ਹੈ?

ਉੱਤਰ:- ਬ੍ਰਹਮਾ ਬਾਬਾ ਆਪਣੇ ਆਪ ਨਾਲ ਗੱਲਾਂ ਕਰਦੇ - ਪਤਾ ਨਹੀਂ ਕੀ ਹੁੰਦਾ ਜੋ ਸ਼ਿਵਬਾਬਾ ਘੜੀ - ਘੜੀ ਭੁੱਲ ਜਾਂਦਾ ਹੈ। ਅਜਿਹਾ ਤੇ ਨਹੀਂ, ਬਾਪ ਜਦੋਂ ਪ੍ਰਵੇਸ਼ ਕਰਦੇ ਹਨ ਤਾਂ ਯਾਦ ਰਹਿੰਦੀ ਹੈ, ਬਾਬਾ ਚਲੇ ਜਾਂਦੇ ਹਨ ਤਾਂ ਯਾਦ ਭੁੱਲ ਜਾਂਦੀ ਹੈ। ਪ੍ਰੰਤੂ ਮੈਂ ਤੇ ਉਨ੍ਹਾਂ ਦਾ ਬੱਚਾ ਹਾਂ, ਯਾਦ ਭੁੱਲ ਕਿਓਂ ਜਾਂਦੀ ਹੈ? ਕੀ ਮੇਰੀ ਯਾਦ ਨਾਲ ਹੀ ਬਾਬਾ ਆਉਂਦੇ ਹਨ? ਇਵੇਂ - ਇਵੇਂ ਬਾਬਾ ਆਪਣੇ ਆਪ ਨਾਲ ਗੱਲਾਂ ਕਰਕੇ ਵੰਡਰ ਖਾਂਦੇ ਰਹਿੰਦੇ ਹਨ।

ਗੀਤ:- ਤੂੰ ਪਿਆਰ ਕਾ ਸਾਗਰ ਹੈ...

ਓਮ ਸ਼ਾਂਤੀ। ਸ਼ਿਵਬਾਬਾ ਬੈਠ ਕਰਕੇ ਆਪਣੇ ਸਿਕੀਲੱਧੇ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਗੀਤਾ ਦਾ ਭਗਵਾਨ ਕੌਣ ਹੈ? ਕਿਉਂਕਿ ਇਸ ਵੇਲੇ ਭਾਰਤ ਵਿਚ ਹੈ ਅਗਿਆਨ ਹਨੇਰਾ। ਇਸਨੂੰ ਕਿਹਾ ਜਾਂਦਾ ਹੈ ਘੋਰ ਹਨੇਰਾ, ਅਗਿਆਨ ਹਨੇਰਾ। ਫਿਰ ਸੋਝਰਾ ਚਾਹੀਦਾ ਗਿਆਨ ਦਾ। ਪਰਮਪਿਤਾ ਪਰਮਾਤਮਾ ਨੂੰ ਹੀ ਮਨੁੱਖ ਮੰਨਦੇ ਹਨ ਕਿ ਉਹ ਗਿਆਨ ਦਾ ਸਾਗਰ ਹੈ, ਨਾਲੇਜਫੁੱਲ ਹੈ। ਅੱਛਾ, ਉਹ ਗਿਆਨ ਦਾ ਸਾਗਰ ਹੈ, ਉਨ੍ਹਾਂ ਤੋਂ ਕੀ ਮਿਲਦਾ ਹੈ? ਨਦੀਆਂ ਤੋਂ ਪਾਣੀ ਮਿਲਦਾ ਹੈ ਤਾਂ ਭਰ - ਭਰ ਕੇ ਸਨਾਨ ਵੀ ਕਰਦੇ ਹਨ। ਤੁਹਾਨੂੰ ਗਿਆਨ ਸਾਗਰ ਤੋਂ ਕੀ ਮਿਲਦਾ ਹੈ। ਇੱਕ ਬੂੰਦ? ਬਾਪ ਆਕੇ ਬੱਚਿਆਂ ਨੂੰ ਸਮਝਾਉਂਦੇ ਹਨ - ਮੈਂ ਗਿਆਨ ਦਾ ਸਾਗਰ ਹਾਂ, ਤੁਹਾਨੂੰ ਬੂੰਦ ਦਿੰਦਾ ਹਾਂ । ਕਿਹੜੀ ਬੂੰਦ? ਸਿਰਫ ਕਹਿੰਦਾ ਹਾਂ - ਮੈਂ ਤੁਹਾਡਾ ਬਾਪ ਹਾਂ। ਤੁਸੀਂ ਮੈਨੂੰ ਯਾਦ ਕਰੋ। ਸਮਝੋ ਕਿ ਅਸੀਂ ਆਪਣੇ ਸ਼ਾਂਤੀ ਧਾਮ - ਸੁਖਧਾਮ ਜਾਂਦੇ ਹਾਂ।

ਗਿਆਨ ਸਾਗਰ ਇੱਕ ਸੈਕਿੰਡ ਵਿੱਚ ਜੀਵਨ ਮੁਕਤੀ ਬੈਕੁੰਠ ਵਿੱਚ ਭੇਜ ਦਿੰਦੇ ਹਨ। ਘਰ ਬੈਠ ਵੀ ਦਿਵਿਯ ਦ੍ਰਿਸ਼ਟੀ ਦੇ ਦਿੰਦੇ ਹਨ। ਮਨੁੱਖ ਤਾਂ ਇੱਕ ਦੂਜੇ ਨੂੰ ਸਾਮ੍ਹਣੇ ਦ੍ਰਿਸ਼ਟੀ ਦਿੰਦੇ ਹਨ। ਬਾਬਾ ਘਰ ਬੈਠੇ ਸਾਖਸ਼ਾਤਕਾਰ ਕਰਵਾ ਲੈਂਦੇ ਹਨ। ਇੱਕ ਬੂੰਦ ਮਿਲਣ ਨਾਲ ਤੁਸੀਂ ਇਥੋਂ ਚਲੇ ਜਾਂਦੇ ਹੋ। ਇੱਥੇ ਬੈਠੇ - ਬੈਠੇ ਤੁਸੀਂ ਬੈਕੁੰਠ ਵਿੱਚ ਚਲੇ ਜਾਂਦੇ ਹੋ। ਹੁਣ ਬਾਪ ਬੈਠ ਸਮਝਾਉਂਦੇ ਹਨ। ਗੀਤਾ ਦਾ ਭਗਵਾਨ ਕੌਣ ਹੈ? ਉਹ ਹੈ ਗਿਆਨ ਦਾ ਸਾਗਰ ਨਿਰਾਕਾਰ। ਮਨੁੱਖ ਤਾਂ ਗਾਉਂਦੇ ਹਨ ਸ਼੍ਰੀਕ੍ਰਿਸ਼ਨ ਦੇ ਲਈ। ਹੁਣ ਤੁਹਾਨੂੰ ਸਮਝਾਉਣਾ ਹੈ ਸ਼੍ਰੀਕ੍ਰਿਸ਼ਨ ਨੇ ਗਿਆਨ ਨਹੀਂ ਸੁਣਾਇਆ। ਪਹਿਲੇ - ਪਹਿਲੇ ਤਾਂ ਕਹਿੰਦੇ ਹਨ ਸ਼੍ਰੀਕ੍ਰਿਸ਼ਨ ਨੇ ਮਾਤਾ ਦੇ ਗਰਭ ਤੋਂ ਜਨਮ ਲਿਆ। ਕੰਸਪੁਰੀ ਸੀ। ਫਿਰ ਆਵਾਜ਼ ਆਇਆ - ਹੇ ਕੰਸ, ਤੁਹਾਨੂੰ ਮਾਰਨ ਵਾਲਾ ਆ ਚੁੱਕਿਆ ਹੈ। ਇਹ ਤਾਂ ਜਾਣਦੇ ਹੋ ਸਭ ਅਸੁਰ ਹਨ। ਕੰਸ, ਜਰਾਸੰਧੀ, ਅਕਾਸੁਰ, ਬਕਾਸੁਰ ਪਾਪ ਆਤਮਾਵਾਂ ਸਭ ਦਾ ਵਿਨਾਸ਼ ਕਰਨ ਲਈ ਉਨ੍ਹਾਂ ਦਾ ਜਨਮ ਵਿਖਾਉਂਦੇ ਹਨ। ਤਾਂ ਸ਼੍ਰੀਕ੍ਰਿਸ਼ਨ ਨੇ ਜਨਮ ਲਿਆ। ਉਹ ਤਾਂ ਛੋਟਾ ਸੀ। ਫਿਰ ਗਿਆਨ ਕਦੋਂ ਦਿੱਤਾ? ਉਹ ਤਾਂ ਯੁੱਧ ਦੇ ਮੈਦਾਨ ਵਿੱਚ ਸ਼੍ਰੀਕ੍ਰਿਸ਼ਨ ਦਾ ਵੱਡਾ ਰੂਪ ਵਿਖਾਉਂਦੇ ਹਨ, ਛੋਟਾ ਤਾਂ ਨਹੀਂ ਵਿਖਾਉਂਦੇ ਹਨ। ਉਵੇਂ ਹੀ ਸ਼੍ਰੀਕ੍ਰਿਸ਼ਨ ਜਯੰਤੀ ਦੇ ਬਾਦ ਫਿਰ ਗੀਤਾ ਜਯੰਤੀ ਵਿਖਾਉਂਦੇ ਹਨ। ਕੁਝ ਸਮੇਂ ਦਾ ਬਾਅਦ ਜਦੋਂ ਉਹ ਵੱਡਾ ਹੋਇਆ ਤਾਂ ਗਿਆਨ ਦਿੱਤਾ ਹੋਵੇਗਾ। ਇਹ ਵੀ ਸਿਖਾਉਂਦੇ ਹਨ - ਜਨਮ ਲਿਆ ਹੈ। ਟਾਇਮ ਵੀ ਵਿਖਾਉਂਦੇ ਹਨ - ਰਾਤ ਦਾ ਸਮੇਂ ਸੀ। ਇੱਥੇ ਤੁਸੀਂ ਵੇਖਦੇ ਹੋ ਸ਼ਿਵਬਾਬਾ ਦੀ ਪਧਾਰਮਨੀ ਹੋਈ ਹੈ। ਕਿਸੇ ਨੂੰ ਪਤਾ ਨਹੀਂ ਕਿ ਕਦੋਂ ਪ੍ਰਵੇਸ਼ਤਾ ਹੋਈ। ਸ਼ਿਵਬਾਬਾ ਤੇ ਬੱਚਾ ਬਣਿਆ ਨਹੀਂ ਹੈ। ਉਹ ਤਾਂ ਬੁੱਢੇ ਵਾਨਪ੍ਰਸਥ ਅਵਸਥਾ ਵਿਚ ਆਇਆ ਹੈ। ਕਦੋਂ ਆਇਆ - ਉਸ ਦੀ ਡੇਟ ਹੈ ਨਹੀਂ। ਸ਼੍ਰੀਕ੍ਰਿਸ਼ਨ ਦੀ ਤੇ ਤਿਥੀ - ਤਾਰੀਖ ਹੈ ਅਤੇ ਗਰਭ ਤੋਂ ਪੈਦਾ ਹੋਇਆ ਹੈ। ਇੱਥੇ ਸ਼ਿਵਬਾਬਾ ਤਾਂ ਗਿਆਨ ਦਾ ਸਾਗਰ ਹੈ। ਉਨ੍ਹਾਂ ਨੂੰ ਛੋਟਾ ਹੋਣਾ ਨਹੀਂ ਹੈ, ਜੋ ਫਿਰ ਵੱਡਾ ਹੋਕੇ ਗਿਆਨ ਸੁਣਾਏ। ਸ਼੍ਰੀਕ੍ਰਿਸ਼ਨ ਦਾ ਜਨਮ ਤਾਂ ਸਵਰਗ ਵਿਚ ਹੋਇਆ। ਉਹ ਕਿਸੇ ਨੂੰ ਰਾਜਯੋਗ ਸਿਖਲਾ ਨਹੀਂ ਸਕਦੇ, ਕਿਉਂਕਿ ਖੁਦ ਹੀ ਰਾਜਾ ਹਨ। ਬਰੋਬਰ ਤੁਸੀਂ ਜਾਣਦੇ ਹੋ ਨਿਰਾਕਾਰ ਬਾਪ ਹੀ ਆਕੇ ਰਾਜਯੋਗ ਸਿਖਾਉਂਦੇ ਹਨ। ਪਤਿਤਾਂ ਨੂੰ ਪਾਵਨ, ਰਾਜਾਵਾਂ ਨੂੰ ਰਾਜਾ ਬਣਾਉਂਦੇ ਹਨ।

ਉਸ ਹੱਦ ਦੇ ਰਾਤ - ਦਿਨ ਅਤੇ ਇਸ ਬੇਹੱਦ ਦੇ ਰਾਤ ਅਤੇ ਦਿਨ ਦੇ ਅਰਥ ਵਿੱਚ ਵੀ ਫਰਕ ਹੈ। ਇਹ ਹੈ ਸੰਗਮ ਜਦਕਿ ਬ੍ਰਹਮਾ ਦੀ ਰਾਤ ਪੂਰੀ ਹੋ ਬ੍ਰਹਮਾ ਦਾ ਦਿਨ ਸ਼ੁਰੂ ਹੁੰਦਾ ਹੈ। ਇਹ ਹੈ ਬੇਹੱਦ ਦੀ ਰਾਤ੍ਰੀ, ਅਗਿਆਨ ਹਨੇਰਾ। ਸਤਿਯੁਗ ਵਿੱਚ ਹੈ ਸੋਝਰਾ। ਉਸ ਰਾਤ ਦੀ ਗੱਲ ਨਹੀਂ। ਉਹ ਤਾਂ ਸ਼੍ਰੀਕ੍ਰਿਸ਼ਨ ਦਾ ਜਨਮ ਰਾਤ ਵਿੱਚ ਮਨਾਉਂਦੇ ਹਨ। ਉਹ ਹੋਈ ਹੱਦ ਦੀ ਗੱਲ, ਇਹ ਹੈ ਬੇਹੱਦ ਦੀ। ਬਾਪ ਕਹਿੰਦੇ ਹਨ ਮੈਂ ਆਉਂਦਾ ਹਾਂ, ਮੇਰੀ ਕੋਈ ਤਿਥੀ ਤਾਰੀਖ ਨਹੀਂ। ਕ੍ਰਿਸ਼ਨ - ਰਾਮ ਆਦਿ ਦੀ ਤੇ ਤਿਥੀ - ਤਾਰੀਖ ਹੈ। ਮੁੱਖ ਹਨ ਹੀ ਦੋ।

ਹੁਣ ਸ਼੍ਰੀਕ੍ਰਿਸ਼ਨ ਜਯੰਤੀ ਆਉਂਦੀ ਹੈ ਨਾ। ਉਨ੍ਹਾਂ ਨੂੰ ਸਮਝਾਉਣਾ ਹੈ ਕ੍ਰਿਸ਼ਨ ਤੇ ਛੋਟਾ ਬੱਚਾ ਹੈ। ਰਾਤ ਅਤੇ ਦਿਨ ਤੇ ਬ੍ਰਹਮਾ ਦਾ ਗਾਇਆ ਜਾਂਦਾ ਹੈ। ਬ੍ਰਹਮਾ ਦਾ ਦਿਨ ਸ਼੍ਰੀਕ੍ਰਿਸ਼ਨ ਹੈ ਅਤੇ ਬ੍ਰਹਮਾ ਦੀ ਰਾਤ ਬ੍ਰਹਮਾ ਹੈ। ਬ੍ਰਹਮਾ ਹੀ ਫਿਰ ਸੋ ਸ਼੍ਰੀਕ੍ਰਿਸ਼ਨ ਬਣਦਾ ਹੈ। ਉਹ ਤਾਂ ਸਮਝਦੇ ਹਨ ਕ੍ਰਿਸ਼ਨ ਭਗਵਾਨ ਹੈ, ਉਹ ਹਾਜ਼ਿਰ ਹਜ਼ੂਰ ਹੈ। ਤਾਂ ਇਸ ਤੇ ਵੀ ਸਮਝਾਉਣਾ ਹੈ। ਤੁਹਾਡੀ ਹੈ ਸ਼ਿਵ ਜਯੰਤੀ ਜਾਂ ਸ਼ਿਵ

ਰਾਤ੍ਰੀ ਕਹੋ। ਸ਼ਿਵ ਜਯੰਤੀ ਕਹਿਣਾ ਠੀਕ ਹੈ। ਇਹ ਵੀ ਸਮਝਾਉਣਾ ਹੁੰਦਾ ਹੈ। ਉਹ ਗਰਭ ਵਿਚ ਤੇ ਆਉਂਦੇ ਨਹੀਂ ਹਨ। ਸਧਾਰਨ ਤਨ ਵਿੱਚ ਆਉਂਦੇ ਹਨ। ਸ਼੍ਰੀਕ੍ਰਿਸ਼ਨ ਦੀ ਤੇ ਅੱਠ ਪੀੜ੍ਹੀ ਚਲਦੀ ਹੈ। ਛੋਟੇਪਨ ਵਿੱਚ ਉਨ੍ਹਾਂ ਨੂੰ ਮੋਹਨ ਅਤੇ ਕ੍ਰਿਸ਼ਨ ਕਹਿੰਦੇ ਹਨ। ਜਿਵੇਂ ਪ੍ਰਿੰਸ ਆਫ ਵੇਲਜ ਹੈ, ਉਵੇਂ ਪਹਿਲੇ - ਪਹਿਲੇ ਗਦੀ ਇੰਦ੍ਰਪ੍ਰਸਥ ਦੀ - ਪ੍ਰਿੰਸ ਆਫ ਇੰਦ੍ਰਪ੍ਰਸਥ। ਫਿਰ ਉਹ ਪ੍ਰਿੰਸ ਤੋਂ ਕਿੰਗ ਹੋਵੇਗਾ। ਕ੍ਰਿਸ਼ਨ ਅੱਖਰ ਨਹੀਂ, ਮਹਾਰਾਜਾ ਨਾਮ ਹੀ ਗਾਇਆ ਜਾਂਦਾ ਹੈ। ਸ਼੍ਰੀ ਲਕਸ਼ਮੀ - ਨਾਰਾਇਣ ਨੂੰ ਮਹਾਰਾਜਾ - ਮਹਾਰਾਣੀ ਕਹਿੰਦੇ ਹਨ। ਕਿੰਗ ਅੱਖਰ ਅੰਗਰੇਜ਼ਾਂ ਦਾ ਹੈ, ਅਸਲ ਨਾਮ ਮਹਾਰਾਜਾ - ਮਹਾਰਾਣੀ ਹੈ। ਇਵੇਂ ਨਹੀਂ ਕਿ ਨਾਰਾਇਣ ਨੇ ਗਿਆਨ ਦਿੱਤਾ ਸੀ। ਸਵੰਬਰ ਬਾਅਦ ਸ਼੍ਰੀਕ੍ਰਿਸ਼ਨ ਫਿਰ ਸ਼੍ਰੀ ਨਾਰਾਇਣ ਬਣਦੇ ਹਨ। ਹੁਣ ਉਸ ਗਿਆਨ ਸਾਗਰ ਸ਼ਿਵ ਦਾ ਨਾਮ ਤੇ ਬਦਲਦਾ ਨਹੀਂ। ਇੱਕ ਹੀ ਨਾਮ ਹੈ। ਉਨ੍ਹਾਂ ਦਾ ਉਹ ਰਥ ਤੇ ਵੱਡਾ ਹੈ। ਆਉਂਦੇ ਹੀ ਗਿਆਨ ਸੁਣਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ( ਬ੍ਰਹਮਾ ) ਤੇ ਕੁਝ ਨਹੀਂ ਜਾਣਦੇ ਸਨ। ਸਮਝ ਵਿਚ ਆਉਂਦਾ ਹੇ ਇਨ੍ਹਾਂ ਵਿਚ ਆਇਆ ਹੋਇਆ ਹੇ, ਜੋ ਸਾਖਸ਼ਾਤਕਾਰ ਕਰਵਾਉਂਦੇ ਹਨ। ਨਾਲੇਜ਼ ਦੇ ਰਹੇ ਹਨ। ਇਹ ਸਾਖਸ਼ਾਤਕਾਰ ਦਾ ਰਾਜ਼ ਅਤੇ ਇਹ ਨਾਲੇਜ਼ ਸ਼ੁਰੂ ਵਿਚ ਸਮਝ ਨਹੀਂ ਆਉਂਦੀ ਸੀ। ਬਾਬਾ ਆਪਣਾ ਅਨੁਭਵ ਦੱਸਦੇ ਹਨ - ਸ਼ੁਰੂ ਵਿਚ ਬਨਾਰਸ ਗਏ ਤਾ ਦੀਵਾਰਾਂ ਤੇ ਗੋਲੇ ਆਦਿ ਬਣਾਉਂਦੇ ਰਹਿੰਦੇ ਸਨ। ਸਮਝ ਵਿਚ ਕੁਝ ਵੀ ਨਹੀਂ ਆਉਂਦਾ ਸੀ - ਇਹ ਕੀ ਹੈ? ਕਿਉਂਕਿ ਇਹ ਤਾਂ ਜਿਵੇਂ ਬੇਬੀ ਬਣ ਗਏ। ਨਵਾਂ ਜਨਮ ਲਿਆ ਨਾ। ਕਹਿੰਦੇ ਹਨ ਨਾ - ਬਾਬਾ, ਅਸੀਂ 8-10 ਮਹੀਨੇ ਦਾ ਤੁਹਾਡਾ ਬੱਚਾ ਹਾਂ ਤਾਂ ਮੈਂ ਵੀ ਬੱਚਾ ਹੋ ਗਿਆ। ਤਾਂ ਪਹਿਲੇ ਕੁਝ ਸਮਝ ਵਿਚ ਨਹੀਂ ਆਉਂਦਾ ਸੀ। ਉਹ ਗਿਆਨ ਦੀਆਂ ਗੱਲਾਂ ਹੀ ਹੋਰ ਸਨ। ਅਗੜਮ - ਬਗੜਮ ਕੀ - ਕੀ ਬੈਠ ਨਿਕਾਲਦੇ ਸਨ। ਹੁਣ ਤਾਂ ਸਿੱਖਦੇ - ਸਿੱਖਦੇ ਕਿੰਨੇ ਵਰ੍ਹੇ ਹੋ ਗਏ ਹਨ। ਹੁਣ ਬਾਪ ਦੀਆਂ ਗੱਲਾਂ ਸਮਝ ਵਿਚ ਆਉਂਦੀਆਂ ਹਨ। ਬੱਚਿਆਂ ਨੂੰ ਕ੍ਰਿਸ਼ਨ ਜਯੰਤੀ ਤੇ ਸਮਝਾਉਣਾ ਹੈ। ਚਿੱਤਰ ਤੇ ਬਰੋਬਰ ਹਨ। ਝਾੜ ਵਿੱਚ ਬ੍ਰਹਮਾ ਦਾ ਚਿਤ੍ਰ ਵੀ ਹੈ। ਮੱਖਣ ਤੇ ਇਹ ਹਪ ਕਰ ਲੈਂਦੇ ਹਨ। ਵਿਸ਼ਵ ਦੇ ਮਾਲਿਕਪਣੇ ਦਾ ਮੱਖਣ ਹੈ। ਸ਼੍ਰੀਕ੍ਰਿਸ਼ਨ ਤੇ ਸਤਿਯੁਗ ਦੀ ਪ੍ਰਾਲਬਧ ਲੈਕੇ ਆਇਆ ਹੈ। ਸ਼੍ਰੀਕ੍ਰਿਸ਼ਨ ਹੈ ਸਤਿਯੁਗ ਦਾ ਪਹਿਲਾ ਪ੍ਰਿੰਸ ਫਿਰ ਉਨ੍ਹਾਂ ਦੇ ਬੱਚੇ ਵੀ ਪ੍ਰਿੰਸ ਬਣਨਗੇ। ਇਹ ਹੈ ਉਨ੍ਹਾਂ ਦੀ ਪ੍ਰਾਲਬਧ ਜੋ ਕਲਯੁੱਗ ਵਿਚ ਤੇ ਸੀ ਨਹੀਂ। ਤਾਂ ਇਹ ਸੂਰਜਵੰਸ਼ੀ ਦੀ ਪ੍ਰਾਲਬਧ ਕਿਸਨੇ ਬਣਾਈ? ਗਾਇਆ ਜਾਂਦਾ ਹੈ - ਗਿਆਨ ਸੂਰਜ ਪ੍ਰਗਟਿਆ, ਅਗਿਆਨ ਹਨੇਰ ਵਿਨਾਸ਼। ਗਿਆਨ ਸਾਗਰ ਤੇ ਸ਼ਿਵਬਾਬਾ ਹੈ। ਉਹ ਆਏ ਹਨ ਅਤੇ ਸਵਰਗ ਦੀ ਸਥਾਪਨਾ ਕਰ ਰਹੇ ਹਨ। ਕੰਟ੍ਰਾਸਟ ਦੱਸਣਾ ਹੈ। ਸ਼੍ਰੀਕ੍ਰਿਸ਼ਨ ਕਿਵੇਂ ਗਰਭ ਵਿਚ ਆਇਆ। ਵਿਖਾਉਂਦੇ ਹਨ - ਉੱਥੇ ਕੰਸ, ਜਰਾਸੰਧੀ ਆਦਿ ਸਨ। ਪ੍ਰੰਤੂ ਉੱਥੇ ( ਸਤਿਯੁਗ ਵਿੱਚ ) ਆਸੁਰ ਤੇ ਹੋ ਨਹੀਂ ਸਕਦੇ। ਆਸੁਰਾਂ ਅਤੇ ਦੇਵਤਾਵਾਂ ਦੀ ਲੜਾਈ ਵਿਖਾਉਂਦੇ ਹਨ। ਤਾਂ ਜਰੂਰ ਅਸੁਰ ਕਲਯੁੱਗ ਅੰਤ ਵਿੱਚ ਹੋਣਗੇ, ਦੇਵਤੇ ਸਤਿਯੁਗ ਆਦਿ ਵਿੱਚ ਹੋਣਗੇ। ਦੋਵਾਂ ਦੀ ਲੜਾਈ ਤੇ ਲੱਗੀ ਨਹੀਂ ਹੈ। ਮਹਾਭਾਰਤ ਲੜਾਈ ਬਰੋਬਰ ਹੈ। ਦੇਵਤੇ ਤਾਂ ਇੱਥੇ ਹੋ ਨਹੀਂ ਸਕਦੇ। ਅਸੁਰਾਂ ਦੀ ਅਸੁਰਾਂ ਨਾਲ ਲੜਾਈ ਚੱਲੀ ਹੈ। ਮੁਸਲਮਾਨਾਂ ਦਾ ਰਾਜ ਵੀ ਵੇਖਦੇ ਹੋ। ਬਰੋਬਰ ਯਾਦਵ, ਕੌਰਵ, ਪਾਂਡਵ ਵੀ ਹਨ।

ਪਾਂਡਵ ਹਨ ਨਾਨ - ਵੋਇਲੇਂਸ, ਯੋਗਬਲ ਵਾਲੇ। ਇੱਥੇ ਤਾਂ ਖੂਨ ਦੀਆਂ ਨਦੀਆਂ ਵਗਦੀਆਂ ਰਹਿੰਦੀਆਂ ਹਨ। ਦੁਸ਼ਮਣੀ ਤੇ ਹੈ ਨਾ। ਪਾਰਟੀਸ਼ਨ ਵਿੱਚ ਖੂਨ ਦੀ ਨਦੀ ਅੱਛੀ ਹੀ ਬਣੀ ਸੀ ਨਾ। ਭਾਈ - ਭਾਈ ਦੀ ਯੁੱਧ ਹੋਈ, ਭਾਈ - ਭਾਈ ਤੇ ਹਨ ਨਾ। ਲੜਾਈ ਉਨ੍ਹਾਂ ਦੀ ਲਗਦੀ ਹੈ, ਨਹੀਂ ਤਾਂ ਖੂਨ ਦੀ ਨਦੀ ਕਿਵੇਂ ਵਗੇ? ਇਹ ਤਾਂ ਇੱਕ ਦੋ ਦਾ ਖੂਨ ਕਰਦੇ ਹਨ। ਤਲਵਾਰਾਂ ਚਲਾਉਂਦੇ ਹਨ ਤਾਂ ਖੂਨ ਦੀ ਨਦੀ ਵਗਦੀ ਹੈ। ਅਤੇ ਹੈ ਇਹ ਸੰਗਮ ਦਾ ਸਮਾਂ। ਖੂਨ ਦੀਆਂ ਨਦੀਆਂ ਬਾਅਦ ਫਿਰ ਘਿਓ ਦੀਆਂ ਨਦੀਆਂ ਵਗਣੀਆਂ ਹਨ। ਸ਼੍ਰੀਕ੍ਰਿਸ਼ਨ ਤੇ ਛੋਟਾ ਪ੍ਰਿੰਸ ਹੈ। ਫਿਰ ਉਨ੍ਹਾਂ ਦੀ ਵੀ ਬੈਠ ਗਲਾਨੀ ਕੀਤੀ ਹੈ। ਉਨ੍ਹਾਂ ਨੂੰ ਤੇ ਗਿਆਨ ਸਾਗਰ ਕਹਿ ਨਹੀਂ ਸਕਦੇ। ਦੇਵਤਾਵਾਂ ਦੀ ਮਹਿਮਾ ਤੇ ਗਾਈ ਜਾਂਦੀ ਹੈ - ਸ੍ਰਵਗੁਣ ਸੰਪੰਨ, ਮਰਿਯਾਦਾ ਪੁਰਸ਼ੋਤਮ...। ਇਹ ਮਹਿਮਾ ਬੱਚਿਆਂ ਦੀ ਨਹੀਂ ਹੋ ਸਕਦੀ। ਮਹਿਮਾ ਹਮੇਸ਼ਾ ਰਾਜਾ - ਰਾਣੀ ਦੀ ਚਲਦੀ ਹੈ। ਉਹ ਫਿਰ ਲਕਸ਼ਮੀ - ਨਾਰਾਇਣ ਨੂੰ ਸਤਿਯੁਗ ਵਿਚ ਅਤੇ ਕ੍ਰਿਸ਼ਨ ਨੂੰ ਦਵਾਪਰ ਵਿੱਚ ਲੈ ਗਏ ਹਨ। ਕਿੰਨੀ ਵੱਡੀ ਭੁੱਲ ਕਰ ਦਿੱਤੀ ਹੈ! ਲਕਸ਼ਮੀ - ਨਾਰਾਇਣ ਦੀ ਛੋਟੇਪਨ ਦੀ ਕਹਾਣੀ ਵੀ ਕੋਈ ਦੱਸ ਨਹੀਂ ਸਕਦੇ। ਰਾਮ - ਸੀਤਾ ਦੀ ਵੀ ਕੁਝ ਨਾ ਕੁਝ ਦੱਸਦੇ ਹਨ। ਕ੍ਰਿਸ਼ਨ ਦੀ ਵੀ ਉਲਟੀ - ਸੁਲਟੀ ਗੱਲ ਦੱਸਦੇ ਹਨ। ਕੁਝ ਤਾਂ ਸੁਲਟੀ ਕਹਾਣੀ ਵੀ ਦੱਸੋ। ਲਕਸ਼ਮੀ - ਨਾਰਾਇਣ ਦੀ ਤੇ ਮਹਿਮਾ ਗਾਈ ਜਾਂਦੀ ਹੈ - ਸ੍ਰਵਗੁਨੁ ਸੰਪੰਨ, 16 ਕਲਾ ਸੰਪੰਨ, ਸੰਪੂਰਨ ਨਿਰਵਿਕਰੀ, ਮਰਿਯਾਦਾ ਪੁਰਸ਼ੋਤਮ, ਅਹਿੰਸਾ ਪਰਮੋ ਧਰਮ...। ਅੱਛਾ, ਉਨ੍ਹਾਂ ਨੂੰ ਰਾਜ ਕਿਸ ਨੇ ਦਿੱਤਾ? ਮਨੁੱਖ ਦਾ ਨਾਮ ਸੁਣ ਮੂੰਝ ਜਾਂਦੇ ਹਨ। ਲਕਸ਼ਮੀ - ਨਾਰਾਇਣ ਕਹਿਣ ਨਾਲ ਤੁਸੀਂ ਚਲੇ ਜਾਂਦੇ ਹੋ ਸਤਿਯੁਗ ਵਿੱਚ। ਇਹ ਹੈ ਨਰ ਤੋਂ ਨਾਰਾਇਣ ਬਣਨ ਦੀ ਕਥਾ। ਸ਼੍ਰੀਕ੍ਰਿਸ਼ਨ ਬਣਨ ਦੀ ਕਥਾ ਨਹੀਂ ਕਹਿੰਦੇ। ਇਸਨੂੰ ਸਤ ਨਾਰਾਇਣ ਦੀ ਕਥਾ ਕਹਾਂਗੇ। ਸਤ ਕ੍ਰਿਸ਼ਨ ਦੀ ਕਥਾ ਨਹੀਂ ਕਿਹਾ ਜਾਂਦਾ। ਸੱਚਾ ਬਾਬਾ ਗਿਆਨ ਸਾਗਰ ਇਹ ਕਥਾ ਸੁਣਾਉਂਦੇ ਹਨ। ਸਾਰੇ ਸ੍ਰਿਸ਼ਟੀ ਦੇ ਆਦਿ - ਮਧ - ਅੰਤ ਦੀ ਕਥਾ ਹੈ। ਉਸ ਵਿੱਚ ਸ਼੍ਰੀ ਲਕਸ਼ਮੀ - ਨਾਰਾਇਣ ਦੀ ਕਥਾ ਵੀ ਆ ਜਾਂਦੀ ਹੈ। ਉਨ੍ਹਾਂ ਦੇ 84 ਜਨਮਾਂ ਦੀ ਕਥਾ ਸੁਣਾਉਂਦੇ ਹਨ। ਸ਼੍ਰੀ ਨਰਾਇਣ ਦੀ ਕਥਾ ਤੇ ਬੇੜਾ ਪਾਰ ਹੋਇਆ। ਬਰੋਬਰ ਬਾਪ ਬੈਠ ਬੱਚਿਆਂ ਨੂੰ ਨਰ ਤੋਂ ਨਰਾਇਣ ਬਣਨ ਦੀ ਸੱਚੀ ਕਥਾ ਸੁਣਾਉਂਦੇ ਹਨ। ਸ਼੍ਰੀ ਨਰਾਇਣ ਤੇ ਵੱਡਾ ਹੈ ਨਾ। ਸਵੰਬਰ ਤੋਂ ਪਹਿਲਾ ਕੌਣ ਸਨ? ਕੀ ਲਕਸ਼ਮੀ - ਨਾਰਾਇਣ ਹੀ ਨਾਮ ਸੀ ਜਾਂ ਦੂਸਰਾ ਹੋਰ ਕੋਈ ਨਾਮ ਸੀ? ਹਨ ਰਾਧੇ - ਕ੍ਰਿਸ਼ਨ, ਜਿਨ੍ਹਾਂ ਦਾ ਸਵੰਬਰ ਬਾਦ ਲਕਸ਼ਮੀ - ਨਾਰਾਇਣ ਨਾਮ ਰੱਖਿਆ ਹੈ। ਬਾਬਾ ਅਜਿਹੇ (ਨਿਬੰਧ) ਦਿੰਦੇ ਹਨ ਫਿਰ ਤੁਹਾਨੂੰ ਵਿਚਾਰ ਸਾਗਰ ਮੰਥਨ ਕਰਨਾ ਚਾਹੀਦਾ ਹੈ। ਪਹਿਲੇ ਨੰਬਰ ਦੀ ਭੁੱਲ ਹੈ ਇਹ। ਤੁਸੀਂ ਜਾਣਦੇ ਹੋ ਇਹ ਹੈ ਕਲਯੁੱਗ। ਯਾਦਵ, ਕੌਰਵ, ਪਾਂਡਵ ਵੀ ਹਨ। ਕਲਯੁੱਗ ਦਾ ਸਮੇਂ ਵੀ ਹੈ। ਕਲਯੁੱਗ ਦੇ ਬਾਦ ਜਰੂਰ ਸਤਿਯੁਗ ਹੋਵੇਗਾ। ਬਾਪ ਕਹਿੰਦੇ ਹਨ - ਮੈਂ ਗਾਈਡ ਬਣ ਆਇਆ ਹਾਂ, ਰਾਵਣ ਦੇ ਚੰਬੇ ਤੋਂ ਛੁਡਾ ਕੇ ਵਾਪਿਸ ਲੈ ਜਾਣ। ਆਤਮਾਵਾਂ ਨੂੰ ਹੀ ਲੈ ਜਾਵਾਂਗਾ।

ਗਾਇਆ ਜਾਂਦਾ ਹੈ ਆਤਮਾ - ਪਰਮਾਤਮਾ ਵੱਖ ਰਹੇ ਬਾਹੂਕਾਲ... ਇਵੇਂ ਨਹੀਂ ਕਿ ਕ੍ਰਿਸ਼ਨ ਵੱਖ ਰਹੇ ਬਹੂਕਾਲ। ਮਹਿਮਾ ਹੀ ਉਸ ਨਿਰਾਕਾਰ ਦੀ ਹੈ - ਸੁੰਦਰ ਮੇਲਾ ਕਰ ਦਿੱਤਾ ਜਦੋਂ ਉਹ ਸਤਿਗੁਰੂ ਮਿਲਿਆ ਦਲਾਲ। ਇੱਥੇ ਤਾਂ ਸਭ ਗੁਰੂ ਹੀ ਹਨ। ਗਾਇਆ ਹੋਇਆ ਹੈ - ਸਤਿਗੁਰੂ ਮਿਲਿਆ ਦਲਾਲ... ਸਤ ਪਰਮਪਿਤਾ ਪਰਮਾਤਮਾ ਦਲਾਲ ਦੇ ਰੂਪ ਵਿਚ ਮਿਲਦੇ ਹਨ। ਸੌਦਾ ਦਲਾਲ ਦਵਾਰਾ ਹੁੰਦਾ ਹੈ। ਇਹ ਵੀ ਸਗਾਈ ਹੁੰਦੀ ਹੈ। ਆਤਮਾ ਅਤੇ ਪਰਮਾਤਮਾ ਵੱਖ ਹੈ। ਪਰਮਾਤਮਾ ਹੈ ਨਿਰਾਕਾਰ ਉਹ ਆਕੇ ਇਸ ਵਿਚ ਪ੍ਰਵੇਸ਼ ਕਰ ਤੁਹਾਡੀ ਸਗਾਈ ਕਰਦੇ ਹਨ। ਖੁਦ ਦਲਾਲ ਬਣਦੇ ਹਨ। ਕਹਿੰਦੇ ਹਨ ਮੈਨੂੰ ਪਰਮ ਪਿਤਾ ਪਰਮਾਤਮਾ ਨੂੰ ਯਾਦ ਕਰੋ। ਇਸ ਸ਼ਰੀਰ ਵਿੱਚ ਬੈਠ ਕਹਿੰਦੇ ਹਨ ਮਾਮੇਕਮ ਯਾਦ ਕਰੋ। ਮੈਂ ਤੁਹਾਨੂੰ ਮਾਇਆ ਰਾਵਣ ਤੋਂ ਲਿਬਰੇਟ ਕਰ ਨਾਲ ਲੈ ਜਾਵਾਂਗਾ, ਤੁਹਾਨੂੰ ਫਿਰ ਰਜਾਈ ਦੇਕੇ ਮੈਂ ਨਿਰਵਾਣ ਧਾਮ ਵਿੱਚ ਬੈਠ ਜਾਵਾਂਗਾ। ਕ੍ਰਿਸ਼ਨ ਥੋੜ੍ਹੀ ਨਾ ਇਵੇਂ ਕਹਿਣਗੇ। ਇਹ ਹੈ ਹੀ ਆਤਮਾ ਅਤੇ ਪਰਮਾਤਮਾ। ਕ੍ਰਿਸ਼ਨ ਤੇ ਛੋਟਾ ਬੱਚਾ ਹੈ। ਗੱਲਾਂ ਤਾਂ ਬਹੁਤ ਹਨ ਸਮਝਾਉਣ ਦੀਆਂ। ਤਾਂ ਬਾਬਾ ਨੇ ਸਮਝਾਇਆ ਹੈ ਕੀ ਕਿਵੇਂ ਇਸ ਵਿਚ ਪ੍ਰਵੇਸ਼ਤਾ ਹੋਈ? ਫਿਰ ਸਮਝਣ ਲੱਗਾ - ਮੈਂ ਰਾਜਾਵਾਂ ਦਾ ਰਾਜਾ ਬਣਦਾ ਹਾਂ। ਵਿਸ਼ਨੂੰ ਦਾ ਸਾਖਸ਼ਾਤਕਾਰ ਹੋਇਆ ਅਤੇ ਦਿਲ ਵਿਚ ਬਹੁਤ ਖੁਸ਼ੀ ਹੋਈ। ਫਿਰ ਵਿਨਾਸ਼ ਦਾ ਸਾਖਸ਼ਾਤਕਾਰ ਵੀ ਹੋਇਆ। ਪ੍ਰੰਤੂ ਇਤਨਾ ਸਮਝ ਵਿਚ ਨਹੀਂ ਆਇਆ। ਹੁਣ ਸਮਝਦੇ ਹਨ ਬਾਬਾ ਨੇ ਇਹ ਸਾਖਸ਼ਾਤਕਾਰ ਕਰਾਇਆ - ਤੁਸੀਂ ਨਰ ਤੋਂ ਨਾਰਾਇਣ ਬਣੋਗੇ। ਪਰ ਉਸ ਵੇਲੇ ਇੰਨੀ ਸਮਝ ਨਹੀਂ ਸੀ। ਜਿਵੇਂ ਬਾਬਾ ਰਾਤ ਨੂੰ ਦੱਸ ਰਹੇ ਸਨ - ਪਤਾ ਨਹੀਂ ਕੀ ਹੁੰਦਾ ਹੈ ਜੋ ਸ਼ਿਵਬਾਬਾ ਨੂੰ ਯਾਦ ਕਰਨਾ ਭੁੱਲ ਜਾਂਦਾ ਹਾਂ। ਇਵੇਂ ਤਾਂ ਨਹੀਂ ਬਾਪ ਜਦ ਪ੍ਰਵੇਸ਼ ਕਰਦੇ ਹਨ ਤਾਂ ਸਮਝਦਾ ਹਾਂ ਬਾਬਾ ਆਇਆ ਹੈ, ਯਾਦ ਰਹਿੰਦੀ ਹੈ, ਬਾਬਾ ਚਲਾ ਜਾਂਦਾ ਹੈ ਤਾਂ ਭੁੱਲ ਜਾਂਦਾ ਹਾਂ। ਪੁਆਇੰਟ ਸੁਣਾਉਂਦੇ ਹਨ ਤਾਂ ਫ਼ੀਲ ਹੁੰਦਾ ਹੈ - ਬੇਹੱਦ ਦਾ ਬਾਪ ਆਕੇ ਸੁਣਾਉਂਦੇ ਹਨ। ਪ੍ਰੰਤੂ। ਮੈਂ ਖੁਦ ਹੀ ਭੁੱਲ ਜਾਂਦਾ ਹਾਂ। ਕੀ ਮੇਰੀ ਯਾਦ ਨਾਲ ਹੀ ਆਉਂਦਾ ਹੈ? ਇਵੇਂ ਕਹੀਏ - ਮੈਂ ਘੜੀ - ਘੜੀ ਯਾਦ ਕਰਦਾ ਹਾਂ। ਭਾਵੇਂ ਆਵੇ ਇਸ ਵਿਚ ਤੇ ਸਭ ਦਾ ਕਲਿਆਣ ਹੈ। ਯਾਦ ਹੀ ਮੁੱਖ ਹੋ ਜਾਂਦੀ ਹੈ। ਆਏ, ਨਾ ਆਏ, ਬਾਪ ਨੂੰ ਯਾਦ ਜਰੂਰ ਕਰਨਾ ਹੈ। ਬਾਬਾ ਨੇ ਸਮਝਾਇਆ ਹੈ ਕਿ ਗੀਤਾ ਜਯੰਤੀ ਦੇ ਬਾਦ ਹੁੰਦੀ ਹੈ ਕ੍ਰਿਸ਼ਨ ਜਯੰਤੀ। ਪਹਿਲੇ ਹੈ ਸ਼ਿਵ ਜਯੰਤੀ ਫਿਰ ਗੀਤਾ ਜਯੰਤੀ ਫਿਰ ਕ੍ਰਿਸ਼ਨ ਜਯੰਤੀ। ਸ਼ਿਵ ਤੇ ਵੱਡਾ ਹੈ। ਫਟ ਤੋਂ ਆਇਆ ਅਤੇ ਗੀਤਾ ਸੁਣਾਈ। ਛੋਟਾ ਤੇ ਨਹੀਂ। ਇਨ੍ਹਾਂ ਗੱਲਾਂ ਤੇ ਵਿਚਾਰ ਸਾਗਰ ਮੰਥਨ ਕਰਨਾ ਚਾਹੀਦਾ - ਕਿਵੇਂ ਅਸੀਂ ਸਮਝਾਈਏ?

ਪਹਿਲੇ ਖਿਆਲ ਕਰੋ - ਸ਼ਿਵ ਕਿਸ ਨੂੰ ਕਹਿੰਦੇ ਹਨ, ਜਿਸ ਦੀ ਰਾਤ੍ਰੀ ਮਨਾਈ ਜਾਂਦੀ ਹੈ। ਸਤਿਯੁਗ ਹੈ ਸ਼੍ਰੀਕ੍ਰਿਸ਼ਨ ਦੀ ਰਾਜਧਾਨੀ। ਨਰ ਤੋਂ ਨਰਾਇਣ ਬਨਣ ਦੀ ਨਾਲੇਜ਼ ਤਾਂ ਜਰੂਰ ਫਾਦਰ ਹੀ ਦੇਣਗੇ, ਉਹ ਹਨ ਨਾਲੇਜਫੁਲ। ਹੋਰ ਕਿਸੇ ਨੂੰ ਨਾਲੇਜਫੁਲ ਨਹੀਂ ਕਿਹਾ ਜਾਂਦਾ। ਗੌਡ ਇਜ਼ ਨਾਲੇਜਫੁਲ।, ਰਚਿਯਤਾ, ਬੀਜਰੂਪ ਹੈ। ਉਹ ਹੀ ਡਰਾਮੇ ਦੀ ਨਾਲੇਜ ਸੁਨਾਉਣਗੇ। ਡਰਾਮਾ ਕਦੋਂ ਸ਼ੁਰੂ ਹੁੰਦਾ ਹੈ ਅਤੇ ਫਿਰ ਕਦੋਂ ਖਤਮ ਹੁੰਦਾ ਹੈ, ਕਿਸੇ ਨੂੰ ਪਤਾ ਹੀ ਨਹੀਂ ਹੈ। ਸਤਿਯੁਗ ਤੋਂ ਕਲਯੁੱਗ ਅੰਤ ਤੱਕ ਵਰਲਡ ਦੀ ਹਿਸਟ੍ਰੀ - ਜੋਗ੍ਰਾਫ਼ੀ ਕਿਵੇਂ ਰਪੀਟ ਹੁੰਦੀ ਹੈ - ਇਹ ਕੋਈ ਸਮਝਾ ਨਹੀਂ ਸਕਦਾ। ਸੁਣਾਉਣ ਉਹ ਜੋ ਤ੍ਰਿਕਾਲਦ੍ਰਸ਼ੀ ਹਨ। ਤ੍ਰਿਕਾਲਦ੍ਰਸ਼ੀ ਤੇ ਕੋਈ ਹੈ ਨਹੀਂ, ਸਿਵਾਏ ਇੱਕ ਦੇ। ਉਹ ਹੀ ਤੁਹਾਨੂੰ ਤ੍ਰਿਕਾਲਦ੍ਰਸ਼ੀ ਬਣਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਮਾਸਟਰ ਨਾਲੇਜਫੁਲ ਅਤੇ ਤ੍ਰਿਕਾਲਦ੍ਰਸ਼ੀ ਬਣ ਸ਼੍ਰੀਕ੍ਰਿਸ਼ਨ ਅਤੇ ਪਰਮਾਤਮਾ ਸ਼ਿਵ ਦੇ ਮਹਾਨ ਅੰਤਰ ਨੂੰ ਸਪਸ਼ਟ ਕਰ ਘੋਰ ਹਨੇਰੇ ਵਿਚੋਂ ਕੱਢਣ ਦੀ ਸੇਵਾ ਕਰਨੀ ਹੈ।

**2** ਬਾਬਾ ਜੋ ਐਸੇ (ਨਿਬੰਧ ) ਦਿੰਦੇ ਹਨ ਉਸ ਤੇ ਵਿਚਾਰ ਸਾਗਰ ਮੰਥਨ ਕਰਨਾ ਹੈ। ਖਿਆਲ ਕਰਨਾ ਹੈ - ਕਿਵੇਂ ਕਿਸੇ ਨੂੰ ਸਮਝਾਈਏ।

ਵਰਦਾਨ:- ਬੁੱਧੀ ਦੇ ਚਮਤਕਾਰ ਦਵਾਰਾ ਆਕਾਰ ਵਿਚ ਸਾਕਾਰ ਦਾ ਅਨੁਭਵ ਕਰਨ ਵਾਲੇ ਦਿਲਾਰਾਮ ਦੇ ਦਿਲਰੁਬਾ ਭਵ।

ਕਈ ਬੱਚੇ ਆਏ ਭਾਵੇਂ ਪਿੱਛੋਂ ਹਨ ਲੇਕਿਨ ਆਕਾਰ ਰੂਪ ਦਵਾਰਾ ਵੀ ਅਨੁਭਵ ਸਾਕਾਰ ਰੂਪ ਦਾ ਕਰਦੇ ਹਨ। ਇਵੇਂ ਅਨੁਭਵ ਨਾਲ ਬੋਲਦੇ ਕਿ ਅਸੀਂ ਸਾਕਾਰ ਵਿੱਚ ਪਾਲਣਾ ਲਈ ਹੈ ਅਤੇ ਹੁਣ ਵੀ ਲੈ ਰਹੇ ਹਾਂ। ਤਾਂ ਆਕਾਰ ਰੂਪ ਵਿਚ ਆਕੇ ਸਾਕਾਰ ਰੂਪ ਦਾ ਅਨੁਭਵ ਕਰਨਾ ਇਹ ਬੁੱਧੀ ਦੀ ਲਗਨ ਦਾ, ਸਨੇਹ ਦਾ ਪ੍ਰਤੱਖ ਸਵਰੂਪ ਹੈ। ਇਹ ਵੀ ਬੁੱਧੀ ਦੇ ਚਮਤਕਾਰ ਦਾ ਸਬੂਤ ਹੈ। ਅਜਿਹੇ ਬੱਚੇ ਹੀ ਦਿਲਾਰਾਮ ਬਾਪ ਦੇ ਦਿਲਰੁਬਾ ਹਨ ਜਿਨ੍ਹਾਂ ਦੇ ਦਿਲ ਵਿਚ ਸਦਾ ਇਹ ਹੈ ਗੀਤ ਵਜਦਾ ਹੈ - ਵਾਹ ਮੇਰਾ ਬਾਬਾ ਵਾਹ।

ਸਲੋਗਨ:- ਤਿਆਗੀ ਆਤਮਾ ਦੇ ਹਰ ਕਰਮ ਅਤੇ ਕਦਮ ਵਿੱਚ ਸਫਲਤਾ ਸਮਾਈ ਹੋਈ ਹੈ।

******